10

# ''ਸਿੱਖ ਬਣੋ,'' 2

ਖ਼ੁਦਾ ਸਾਨੂੰ ਸੁਰਗ ਵਿਚ ਲਿਜਾਣ ਦੀ ਨਹੀਂ ਬਲਕਿ ਸੁਰਗ ਨੂੰ ਸਾਡੇ ਵਿਚ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਖ਼ੁਦਾ ਸਾਨੂੰ ਨਰਕ ਤੋਂ ਬਾਹਰ ਰੱਖਣ ਦੀ ਨਹੀਂ ਬਲਕਿ ਨਰਕ ਨੂੰ ਸਾਥੋਂ ਬਾਹਰ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ। ''ਜਿਵੇਂ ਲਿਖਿਆ ਹੋਇਆ ਹੈ, ਕੋਈ ਧਰਮੀ ਨਹੀਂ, ਇਕ ਵੀ ਨਹੀਂ'' (ਰੋਮੀਆਂ 3:10); '' ਕਿਉਂਕਿ ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ'' (ਰੋਮੀਆਂ 3:23)। ਮੈਂ ਸਿੱਧ ਨਹੀਂ ਬਣ ਸਕਦਾ, ਤਾਂ ਵੀ ਖ਼ੁਦਾ ਚਾਹੁੰਦਾ ਹੈ ਕਿ ਮੈਂ ਸਿੱਧ ਬਣਾਂ। ਸਰੀਰ ਦੇ ਮੁਤਾਬਕ ਸਿੱਧ ਨਹੀਂ ਬਣਿਆ ਜਾ ਸਕਦਾ (ਗਲਾਤੀਆਂ 3:3)। ਪਹਾੜੀ ਉਪਦੇਸ਼ ਵਿਚ ਯਿਸੂ ਨੇ ਆਖਿਆ ਕਿ ਅਸੀਂ ਜ਼ਿੰਦਗੀ ਨੂੰ *ਪ੍ਰਾਪਤ* ਤਾਂ ਨਹੀਂ ਕਰ ਸਕਦੇ ਪਰ ਜ਼ਿੰਦਗੀ ਨੂੰ *ਪਾ* ਜ਼ਰੂਰ ਸਕਦੇ ਹਾਂ। *ਖ਼ੁਦਾ ਦੀ ਵਡਿਆਈ ਹੋਵੇ!* ਜ਼ਿੰਦਗੀ ਨੂੰ *ਪ੍ਰਾਪਤ* ਕਰਨ ਦੀ ਕੋਸ਼ ਕਰਦੇ ਕਰਦੇ ਪੌਲੁਸ ਢੇਰੀ ਢਾ ਚੁਕਾ ਸੀ (ਰੋਮੀਆਂ 7)। ਜ਼ਿੰਦਗੀ ਨੂੰ *ਪਾ ਕੇ* ਉਹ ਖ਼ੁਸ਼ ਸੀ (ਰੋਮੀਆਂ 8)। ਖ਼ੁਦਾ ਦੇ ਨਾਲ ਚੱਲਣ ਵਾਲੇ ਨੂੰ ਤੁਸੀਂ ਹਰਾ ਨਹੀਂ ਸਕਦੇ!

## ਮੁਬਾਰਕਬਾਦੀਆਂ

ਜੇ ਤੁਸੀਂ ਇਨ੍ਹਾਂ ਤੋਂ ਵਾਕਫ਼ ਹੋ ਤਾਂ ਤੁਹਾਨੂੰ ਚਾਹੀਦਾ ਹੈ ਕਿ ਇਨ੍ਹਾਂ ਨੂੰ ਹੋਰ ਗੌਰ ਨਾਲ ਪੜ੍ਹੋ। ਸਾਨੂੰ ਸਿੱਧ ਬਣਨ ਲਈ ਕਹਿਣ ਤੋਂ ਪਹਿਲਾਂ (ਮੱਤੀ 5:48), ਯਿਸੂ ਨੇ ''ਇਸ ਲਈ ...'' ਆਖਿਆ। ਸਾਡੇ ਲਈ ਉਹਦੀ ਪਹਿਲੀ ਸਿੱਖਿਆ ਭਾਵ ਮੁਬਾਰਕਬਾਦੀਆਂ ਦੇ ਕਾਰਣ ਜੋ ''ਮੁਬਾਰਕ'' ਹੋਣ ਲਈ ਗਾਈਡ ਹਨ, ਸਿੱਧ ਬਣਨਾ ਜ਼ਰੂਰੀ ਹੈ। ਕੁਝ ਅਨੁਵਾਦਾਂ ਵਿਚ ਯਿਸੂ ਵੱਲੋਂ ਵਰਤੇ ਗਏ ਇਸ ਸ਼ਬਦ ਦਾ ਪੱਧਰ ਡੇਗ ਕੇ, ਮੂਲ ਅਰਥ ਤੋਂ ਹਟਾ ਕੇ ਇਸ ਦਾ ਅਨੁਵਾਦ ''ਖੁਸ਼'' ਕੀਤਾ ਗਿਆ ਹੈ। ਅੱਜ ਲੋਕ ਰੋਮਾਂਚ, ਮਨਪਰਚਾਵੇ, ''ਰੰਗਰਲੀਆਂ ਅਤੇ ਖੇਡਾਂ'' ਨੂੰ ਪਸੰਦ ਕਰਦੇ ਹਨ। ਜਿਸ ਸ਼ਬਦ ਦੀ ਵਰਤੋਂ ਯਿਸੂ ਨੇ ਕੀਤੀ ਉਸ ਦਾ ਮਤਲਬ 'ਇਲਾਹੀ ਮੁਬਾਰਕਬਾਦੀ'' ਹੈ। ਯਿਸੂ ''ਰਾਹ, ਸਚਿਆਈ ਅਤੇ ਜ਼ਿੰਦਗੀ'' ਹੈ (ਯੂਹੰਨਾ 14:6)। ਮੁਬਾਰਕਬਾਦੀ ਵਿਚ ਯਿਸੂ ਨੇ ਆਪਣੀ ਪਛਾਣ ਕਰਵਾਈ। ਦੋਵੇਂ ਇੱਕੋ ਹਨ, ਭਾਵ ਯਿਸੂ ਹੀ ਮੁਬਾਰਕਬਾਦੀ ਹੈ ਅਤੇ ਮੁਬਾਰਕਬਾਦੀ ਹੀ ਯਿਸੂ ਹੈ। ਇਹ ਖੂਬੀਆਂ ਖ਼ੁਦਾ ਦੇ ਸੁਭਾਅ ਵਿਚ ਪਾਈਆਂ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਤਰਤੀਬ ਵਿਚ ਦੱਸਿਆ ਗਿਆ ਹੈ: ਮਨ ਦੇ ਦੀਨ, ਸੋਗ ਕਰਨ ਵਾਲੇ, ਹਲੀਮ, ਧਰਮ ਦੇ ਭੁੱਖੇ ਅਤੇ ਪਿਆਸੇ, ਰਹਿਮ ਦਿਲ ਅਤੇ ਜਿਨ੍ਹਾਂ ਦੇ ਮਨ ਸ਼ੁੱਧ ਹਨ। ਇਹ ਖੂਬੀਆਂ ਸੰਪੂਰਣ ਜਾਂ ਸਿੱਧ ਬਣਨ ਦਾ ਅਧਾਰ ਹਨ।

''ਮਨ ਦੇ ਦੀਨ'' ਹੋਣ ਲਈ ਆਪਣਾ ਇਨਕਾਰ ਕਰਨਾ ਅਤੇ ਖੁਦੀ ਨੂੰ ਮਾਰਨਾ ਜ਼ਰੂਰੀ ਹੈ। ਸਿੱਧ ਬਣਨ ਤੋਂ ਪਹਿਲਾਂ ਮੈਂ ਨੂੰ ਮਾਰਨਾ ਜ਼ਰੂਰੀ ਹੈ। ਕੁਝ ਅਜਿਹੇ ਕੰਮ ਹਨ ਜਿਨ੍ਹਾਂ ਨੂੰ ਖ਼ੁਦਾ ਨਹੀਂ ਕਰ ਸਕਦਾ। ਉਹ ਉਸ ਨੂੰ ਜਿਹੜਾ ਪਹਿਲਾਂ ਹੀ ਭਰਿਆ ਹੋਵੇ, ਹੋਰ ਨਹੀਂ ਭਰ ਸਕਦਾ। ਖ਼ੁਦਾ ਓਸੇ ਨੂੰ ਭਰ ਸਕਦਾ ਹੈ ਜਿਹੜਾ ਪਹਿਲਾਂ ਖਾਲੀ ਹੋਵੇ। ਯਿਸੂ ਨੇ ਆਖਿਆ, ''ਜਿਸ ਕਿਸੇ ਨੇ ਆਪਣੀ ਜਾਨ ਲੱਭ ਲਈ ਉਹ ਉਸ ਨੂੰ ਗੁਆਵੇਗਾ'' (ਮੱਤੀ 10:39)। ਖ਼ੁਦਾ ਚਾਹੁੰਦਾ ਹੈ ਕਿ ਅਸੀਂ ਉਸ ਨੂੰ ਉਹੀ, ਭਾਵ ਆਪਣਾ ਆਪ ਦਈਏ, ਜੋ ਸਾਡੇ ਕੋਲ ਹੈ। ਆਖ਼ਰੀ ਚੀਜ਼ ਜਿਹੜੀ ਅਸੀਂ ਦਿੰਦੇ ਹਾਂ ਉਹ ਆਪਣਾ ਆਪ ਹੀ ਹੈ। ਹੋ ਸਕਦਾ ਹੈ ਕਿ ਅਸੀਂ ਬਹੁਤ ਸਾਰੀਆਂ ਚੀਜ਼ਾਂ ਨੂੰ ਤਿਆਗ ਦਈਏ (ਅਜਿਹਾ ਕਰਨ ਦੀ ਇਕ ਕੋਸ਼ਿਸ਼ ਨੂੰ ਚਾਲੀ ਦਿਨ ਦਾ ਰੋਜ਼ਾ ਕਿਹਾ ਜਾ ਸਕਦਾ ਹੈ), ਪਰ ਜੇ ਅਸੀਂ ਆਪਣਾ ਆਪ ਨਹੀਂ

ਦਿੱਤਾ ਤਾਂ ਕੋਈ ਫ਼ਾਇਦਾ ਨਹੀਂ, ਨਾਕਾਮ ਪ੍ਰਚਾਰਕ ਦੁਖੀ ਹੋ ਕੇ ਕਿਉਂ ਮੁੜਦੇ ਹਨ? ਉਨ੍ਹਾਂ ਨੇ ਪ੍ਰਭੂ ਨੂੰ ਆਪਣਾ ਸਮਾਨ ਤਾਂ ਦੇ ਦਿੱਤਾ ਪਰ ਆਪਣਾ ਆਪ ਨਹੀਂ ਦਿੱਤਾ। ਅਸੀਂ ਤਦ ਤਕ ਅਜ਼ਾਦ ਨਹੀਂ ਹੋ ਸਕਦੇ ਜਦ ਤਕ ਅੰਦਰੋਂ ਅਜ਼ਾਦ ਨਹੀਂ ਹੁੰਦੇ। ਦੁਖੀ ਨੂੰ ਦੁਖੀ ਨਹੀਂ ਕੀਤਾ ਜਾ ਸਕਦਾ ਅਤੇ ਮਰੇ ਹੋਏ ਨੂੰ ਫੇਰ ਮਾਰਿਆ ਨਹੀਂ ਜਾ ਸਕਦਾ। ਪੌਲੁਸ ਰੋਜ਼ ਮਰਦਾ ਸੀ (1 ਕੁਰਿੰਥੀਆਂ 15:31)। ਮੁਰਦੇ ਦੀ ਕੀ ਖ਼ਾਹਿਸ਼ ਹੁੰਦੀ ਹੈ? ਕੁਝ ਵੀ ਨਹੀਂ! ਇਸ ਦੇ ਵਿਰੋਧਾਭਾਸ ਵਿਚ ਮਸੀਹੀ ਆਦਮੀ ਕੋਲ *ਕੁਝ ਨਾ* ਹੋਣ ਦੇ ਬਾਵਜੂਦ ਉਹਦੇ ਕੋਲ *ਸਭ ਕੁਝ* ਹੈ (2 ਕੁਰਿੰਥੀਆਂ 6:10)!

## ਮਸੀਹ ਸਾਡੀ ਨਿਹਚਾ ਹੈ

ਅਸੀਂ ਸਿੱਧ ਨਹੀਂ ਹਾਂ, ਪਰ ਸਾਡੀ ਨਿਹਚਾ ਸਿੱਧ (ਮਸੀਹ) ਵਿਚ ਹੈ। ਸਾਡੀ ਨਿਹਚਾ ਸਿੱਧ ਨਹੀਂ ਹੈ, ਪਰ ਜਿਸ ਓਤੇ ਅਸੀਂ ਨਿਹਚਾ ਰੱਖਦੇ ਹਾਂ ਉਹ ਸਿੱਧ ਹੈ। ਪੌਲੁਸ ਆਪਣੀ ਨਹੀਂ ਬਲਕਿ ਨਿਹਚਾ ਦੀ ਧਾਰਮਿਕਤਾ (ਮਸੀਹ ਦੀ ਧਾਰਮਿਕਤਾ; ਫ਼ਿਲਿੱਪੀਆਂ 3:7–10) ਚਾਹੁੰਦਾ ਸੀ। ਖ਼ੁਦਾ ਨੇ ਸਾਡਾ ਪਾਪ ਯਿਸੂ ਉੱਤੇ ਲੱਦ ਦਿੱਤਾ ਅਤੇ ਸਾਡੇ ਉੱਤੇ ਆਪਣੀ ਧਾਰਮਿਕਤਾ। ਇਹੀ ਖੁਸ਼ਖਬਰੀ ਹੈ *ਕਿੰਨਾ ਵੱਡਾ ਫ਼ਜ਼ਲ ਹੈ!* ਖ਼ੁਦਾ ਨੇ ਪਾਪ ਉਤਲਾ ਆਪਣਾ ਕਹਿਰ ਮਸੀਹ ਉੱਤੇ ਢਾਹ ਦਿੱਤਾ (2 ਕੁਰਿੰਥੀਆਂ 5:17–21)। ਸਲੀਬ ਉੱਤੇ ਯਿਸੂ ਆਪਣਾ ਪਾਪ ਲੈ ਕੇ ਨਹੀਂ ਗਿਆ ਸੀ।

> ਯਿਸੂ ਨੇ ਆਪਣੀ ਜਾਨ ਸਾਡੇ *ਲਈ* ਦੇ ਦਿੱਤੀ–
> ਤਾਂ ਜੋ ਉਸਦੀ *ਜ਼ਿੰਦਗੀ ਸਾਨੂੰ* ਮਿਲ ਜਾਵੇ–
> ਤਾਂ ਜੋ ਉਹ ਸਾਡੇ ਵਿਚ *ਜੀ* ਸਕੇ!

ਨਿਹਚਾ ਕਲਵਰੀ ਉੱਤੇ ਯਿਸੂ ਵਿਚ ਕੀਤੇ ਗਏ ਖ਼ੁਦਾ ਦੇ ਕੰਮ ਨੂੰ ਸਾਡਾ ਮੰਨਣਾ ਹੈ। ਮਨੁੱਖ ਪਾਪ ਵਿਚ ਗੁਆਚਿਆ ਹੋਇਆ ਸੀ ਅਤੇ ਆਪਣੇ ਆਪ ਨੂੰ ਬਚਾ ਨਹੀਂ ਸਕਦਾ ਸੀ। ਜੋ ਮਨੁੱਖ ਤੋਂ ਨਹੀਂ ਹੋ ਸਕਦਾ, ਖ਼ੁਦਾ ਨੇ ਉਹ ਮਸੀਹ ਵਿਚ ਹੋ ਕੇ ਕਰ ਦਿੱਤਾ ਹੈ। ਨਿਹਚਾ ਸਾਨੂੰ *ਉਸਦੇ* ਬਣਾਉਂਦੀ ਹੈ! ''ਉਹ ਮੇਰਾ ਹੈ ਅਤੇ ਮੈਂ ਉਸ ਦਾ ਹਾਂ!'' ਜੋ ਕੁਝ ਵੀ ਮਸੀਹ *ਦਾ,* ਮਸੀਹ ਦੇ *ਰਾਹੀਂ,* ਮਸੀਹ ਦੇ *ਵਿਚ* ਹੈ, ਉਹ ਸਿੱਧ ਹੈ! ਇਹ ਸਾਡੇ ਕਰਕੇ ਨਹੀਂ ਬਲਕਿ ਉਸਦੇ ਕਾਰਣ ਹੋਇਆ ਹੈ। ਜਦ ਯਿਸੂ ਕਿਸੇ ਜ਼ਿੰਦਗੀ ਨੂੰ ਲੈ ਕੇ, ਉਸ ਨੂੰ ਆਪਣੇ ਲਹੂ ਨਾਲ ਧੋਂਦਾ ਹੈ ਤਾਂ ਉਸ ਨੂੰ ਖ਼ੁਦਾ ਦੇ ਅੱਗੇ ਲਿਆਉਂਦਾ ਹੈ, ਤਾਂ ਉਹ *ਸਿੱਧ ਹੁੰਦਾ* ਹੈ (ਇਬਰਾਨੀਆਂ 10:14)। ਨਿਹਚਾ ਵਾਲੀ ਜ਼ਿੰਦਗੀ ਤੋਂ ਸਾਨੂੰ ਹਮੇਸ਼ਾ ਦੀ ਜ਼ਿੰਦਗੀ ਨਹੀਂ ਮਿਲਦੀ ਬਲਕਿ ਇਹ ਆਪਣੇ ਆਪ ਵਿਚ ਹਮੇਸ਼ਾ ਦੀ ਜ਼ਿੰਦਗੀ ਹੈ। ਸਾਡੇ ਵਿੱਚੋਂ ਹਰ ਕਿਸੇ ਨੂੰ ਪਹਿਲਾਂ ''ਮੈਂ'' ਨੂੰ ਮਾਰਨਾ ਜ਼ਰੂਰੀ ਹੈ। ਮੈਨੂੰ ਸਿੱਧ ਬਣਨ ਤੋਂ ਨਫ਼ਰਤ ਕਰਨਾ, ਤੌਬਾ ਕਰਨਾ, ਇਨਕਾਰ ਕਰਨਾ ਅਤੇ ਛੱਡ ਦੇਣਾ ਜ਼ਰੂਰੀ ਹੈ। ਯਿਸੂ ਨੇ ਆਖਿਆ, ''ਮੈਥੋਂ ਵੱਖਰੇ ਹੋ ਕੇ ਤੁਸੀਂ ਕੁਝ ਨਹੀਂ ਕਰ ਸੱਕਦੇ'' (ਯੂਹੰਨਾ 15:5); ''ਤੁਸੀਂ ਮੇਰੇ ਵਿਚ ਰਹੋ ਅਤੇ ਮੈਂ ਤੁਹਾਡੇ ਵਿਚ'' (ਯੂਹੰਨਾ 15:4; ਵੇਖੋ ਆਇਤ 5)। ਕੀ ਮਸੀਹ ਮੇਰੇ ਅੰਦਰ ਅਕਾਰ ਲੈ ਰਿਹਾ ਹੈ? ਨਿਹਚਾ ਸਾਨੂੰ ਸਿਰਫ਼ *ਜਾਣਕਾਰੀ* ਹੀ ਨਹੀਂ ਦਿੰਦੀ ਬਲਕਿ ਸਾਨੂੰ *ਬਦਲਦੀ* ਵੀ ਹੈ।
''ਸਿੱਧ ਬਣੋ।''[1]